# ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਟਿਡ, ਚੰਡੀਗੜ੍ਹ।

## <u>ਦਫਤਰੀ ਹੁਕਮ</u>

ਨੰ:ਪਲਉਨਿਨਿ/ਪ੍ਰਸੋਨਲ/ਸ-6/ 5094-5103
ਮਿਤੀ: 21/5/2021

1. ਨਿੱਜੀ ਸਕੱਤਰ/ਚੇਅਰਮੈਨ।
2. ਨਿੱਜੀ ਸਕੱਤਰ/ਪ੍ਰਬੰਧਕ ਨਿਰਦੇਸ਼ਕ।
3. ਨਿੱਜੀ ਸਹਾਇਕ/ਵਧੀਕ ਪ੍ਰਬੰਧਕ ਨਿਰਦੇਸ਼ਕ।
4. ਨਿੱਜੀ ਸਕੱਤਰ/ਐਗਜੀਕਿਊਟਵ ਡਾਇਰੈਟਰ।
5. ਸਮੂਹ ਫੰਕਸ਼ਨਲ ਮੁੱਖੀ/ਮੁੱਖ ਦਫਤਰ।
6. ਸਮੂਹ ਅਫਸਰ/ਸ਼ਾਖਾ ਅਫਸਰ, ਮੁਖ ਦਫਤਰ ਅਤੇ ਫੀਲਡ ਦਫਤਰ।
7. ਸਮੂਹ ਸੇਲਜ ਮੈਨੇਜਰ/ ਡਿਪੂ ਮੈਨੇਜਰ/ ਬਰਾਂਡ ਮੈਨੇਜਰ/ ਸੇਲਜ ਕੁਆਡੀਨੇਟਰ, ਹੁਸ਼ਿਆਰਪੁਰ।
8. ਸਮੂਹ ਐਸ.ਡੀ.ਈ./ਜੇ.ਈ.

**ਵਿਸ਼ਾ:-** ਸਾਲ 2021-2022 ਦੌਰਾਨ ਦਰਜਾ-4 (ਗਰੁੱਪ ਡੀ) ਕਰਮਚਾਰੀਆਂ ਨੂੰ ਕਣਕ ਖਰੀਦਣ ਲਈ ਵਿਆਜ ਰਹਿਤ ਕਰਜਾ ਦੇਣ ਬਾਰੇ।

ਨਿਗਮ ਦੇ ਦਰਜਾ-4 ਕਰਮਚਾਰੀਆਂ (ਦਿਹਾੜੀਦਾਰ, ਵਰਕਚਾਰਜ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ) ਨੂੰ ਹੇਠ ਲਿਖੀਆ ਸ਼ਰਤਾਂ ਦੇ ਆਧਾਰ ਤੇ ਕਣਕ ਖਰੀਦਣ ਲਈ ਰੁ:8000/-(ਅੱਠ ਹਜਾਰ ਸਿਰਫ) ਵਿਆਜ ਰਹਿਤ ਕਰਜਾ ਦੇਣ ਦਾ ਫੈਸਲਾ ਕੀਤਾ ਗਿਆ ਹੈ:-

1. ਇਹ ਕਰਜਾ ਸਿਰਫ ਰੈਗੂਲਰ ਦਰਜਾ-4 (ਗਰੁੱਪ ਡੀ) ਕਰਮਚਾਰੀਆਂ ਨੂੰ ਹੀ ਮਿਲੇਗਾ।
2. ਇਹ ਕਰਜਾ ਲੈਣ ਵਾਸਤੇ ਬੇਨਤੀ ਪੱਤਰ ਦੇਣ ਦੀ ਮਿਤੀ 30.05.2021 ਤੱਕ ਹੈ।
3. ਕਰਜਾ ਲੈਣ ਵਾਲੇ ਕਰਮਚਾਰੀ ਨੂੰ ਕਰਜਾ ਲੈਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਕਣਕ ਖਰੀਦੇ ਜਾਣ ਦੀ ਰਸੀਦ ਸਬੂਤ ਵਜੋਂ ਪੇਸ਼ ਕਰਨੀ ਪਵੇਗੀ। ਦਿੱਤੇ ਕਰਜੇ ਤੋਂ ਘੱਟ ਰਕਮ ਵਰਤੇ ਜਾਣ ਦੀ ਸੂਰਤ ਵਿੱਚ ਬਾਕੀ ਬਕਾਇਆ ਰਕਮ ਕਰਮਚਾਰੀ ਨੂੰ ਰਸੀਦ ਪੇਸ ਕਰਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣੀ ਪਵੇਗੀ।
4. ਵਿਆਜ ਰਹਿਤ ਕਰਜਾ 8 ਬਰਾਬਰ ਕਿਸ਼ਤਾਂ ਵਿੱਚ ਵਸੂਲਿਆ ਜਾਵੇਗਾ ਅਤੇ ਇਹ ਵਸੂਲੀ ਜੁਲਾਈ, 2021 ਦੀ ਤਨਖਾਹ ਵਿੱਚੋਂ ਕੱਟਣੀ ਸ਼ੁਰੂ ਹੋਵੇਗੀ।
5. ਇਸ ਕਰਜੇ ਦੀ ਰਕਮ ਮਿਤੀ 18.06.2021 ਤੱਕ ਕਢਵਾਈ ਜਾ ਸਕੇਗੀ।
6. ਇਕ ਪਰਿਵਾਰ ਦੇ ਇੱਕ ਤੋਂ ਵੱਧ ਮੈਂਬਰਾਂ ਦਾ ਪੰਜਾਬ ਸਰਕਾਰ/ਨਿਗਮ ਦੀ ਸੇਵਾ ਵਿੱਚ ਹੋਣ ਤੇ ਇੱਕੋ ਥਾਂ ਰਹਿੰਦੇ ਹਨ, ਦੀ ਸੂਰਤ ਵਿੱਚ ਸਿਰਫ ਇੱਕ ਮੈਂਬਰ ਨੂੰ ਹੀ ਕਰਜਾ ਦਿੱਤਾ ਜਾਵੇਗਾ।
7. ਕਰਜੇ ਲਈ ਬੇਨਤੀ ਨਾਲ ਨੱਥੀ ਪ੍ਰੋਫਾਰਮੇ ਵਿੱਚ ਭਰ ਕੇ ਤੁਰੰਤ ਭੇਜੀ ਜਾਵੇ ਜੀ।

ਪ੍ਰਬੰਧਕ (ਪ੍ਰਸੋਨਲ)

ਕਾਪੀ:- 1. ਪ੍ਰੋਗਰਾਮਰ, ਆਈ. ਟੀ.: ਨਿਗਮ ਦੀ ਵੈਬ ਸਾਇਟ ਤੇ ਅਪ ਲੋਡ ਕਰਨ ਲਈ।

## ਸਾਲ 2020-21 ਕਣਕ ਲਈ ਕਰਜਾ ਲੈਣ ਲਈ ਬੇਨਤੀ ਪੱਤਰ

1. ਬਿਨੈਕਾਰ ਦਾ ਨਾਂ ------------------------------------------------

2. ਪਿਤਾ/ਪਤੀ ਦਾ ਨਾਂ ------------------------------------------------

3. ਅਹੁੱਦਾ ------------------------------------------------

4. ਮੌਜੂਦਾ ਨਿਯੁੱਕਤੀ ਦੀ ਥਾਂ ------------------------------------------------

5. ਫੋਨ ਨੰਬਰ ------------------------------------------------

6. ਮੰਗੀ ਗਈ ਰਕਮ ------------------------------------------------

ਹਸਤਾਖਰ

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ---------------------------- ਜੋ ਕਿ ਮੇਰੀ

ਪਤਨੀ/ਪਤੀ/ਪਰਿਵਾਰ ਦਾ ਮੈਂਬਰ ਹੈ ਤੇ ਮੇਰੇ ਕੋਲ ਰਹਿ ਰਿਹਾ ਹੈ---------------------------------------

-------------------------ਮਹਿਕਮੇ ਵਿੱਚ ਕੰਮ ਕਰ ਰਿਹਾ ਹੈ, ਨੇ ਸਾਲ 2019-20 ਦੌਰਾਨ ਕਣਕ ਦੇ ਕਰਜੇ

ਲਈ ਅਰਜੀ ਨਹੀਂ ਦਿੱਤੀ।

ਕਰਮਚਾਰੀ ਦੇ ਹਸਤਾਖਰ---------------

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੀ ਪਤਨੀ/ਪਤੀ/ਪਰਿਵਾਰ ਦਾ ਮੈਂਬਰ ਹੈ, ਜੋ ਕਿ ਮੇਰੇ ਨਾਲ ਰਹਿ ਰਿਹਾ ਹੈ, ਪੰਜਾਬ ਸਰਕਾਰ ਦਾ ਮੁਲਾਜਮ ਨਹੀ ਹੈ।

ਕਰਮਚਾਰੀ ਦੇ ਹਸਤਾਖਰ-------------